## ਬੀ ਸੀ ਵਿਚ ਆਪਣੇ ਬੱਚੇ ਦੇ ਸਕੂਲ ਬਾਰੇ ਜ਼ਿਆਦਾ ਜਾਣਨ ਦੇ ਤਰੀਕੇ

ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸਕੂਲ ਵਿਚ ਕਾਮਯਾਬ ਹੋਣ। ਤੁਸੀਂ ਇਹ ਚੀਜ਼ਾਂ ਕਰਕੇ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਜ਼ਿਆਦਾ ਜਾਣ ਸਕਦੇ ਹੋ:

- ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰਕੇ ਕਿ ਉਹ ਕੀ ਸਿੱਖ ਰਿਹਾ ਹੈ।
- ਆਪਣੇ ਬੱਚੇ ਦੇ ਸਕੂਲ ਦੇ ਮਲਟੀਕਲਚਰਲ ਵਰਕਰ ਅਤੇ/ਜਾਂ ਸੈਟਲਮੈਂਟ ਵਰਕਰ ਨਾਲ ਗੱਲ ਕਰਕੇ।
- ਆਪਣੇ ਬੱਚੇ ਦੀ ਪੜ੍ਹਾਈ ਬਾਰੇ ਕੋਈ ਫਿਕਰ ਹੋਵੇ ਤਾਂ ਆਪਣੇ ਬੱਚੇ ਦੇ ਟੀਚਰ ਨਾਲ ਗੱਲ ਕਰਕੇ।
- ਸਕੂਲ ਬਾਰੇ ਜਾਣਨ ਲਈ ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ ਕੋਲ ਜਾ ਕੇ।
- ਸਕੂਲ ਦੀ ਮਾਪਿਆਂ ਦੀ ਸਲਾਹਕਾਰ ਕਮੇਟੀ (ਪੇਰੰਟ ਅਡਵਾਜਿਰੀ ਕਮੇਟੀ) ਵਿਚ ਜਾ ਕੇ ਅਤੇ ਹੋਰ ਮਾਪਿਆਂ ਨੂੰ ਮਿਲ ਕੇ।

***ਸਕੂਲ ਅਤੇ ਟੀਚਰ ਮਾਪਿਆਂ ਵਲੋਂ ਸਵਾਲ ਪੁੱਛੇ ਜਾਣ ਦੀ ਉਮੀਦ ਰੱਖਦੇ ਹਨ।***

### ਸਾਹਿਤਕ ਨਕਲ

ਹਰ ਸਕੂਲ ਸਿਸਟਮ ਦੇ ਇਸ ਚੀਜ਼ ਬਾਰੇ ਵੱਖਰੇ ਨਿਯਮ ਹਨ ਕਿ ਵਿਦਿਆਰਥੀ ਕਿਸੇ ਹੋਰ ਦੇ ਸ਼ਬਦ/ਜਾਂ ਖਿਆਲ ਆਪਣੇ ਕੰਮ ਵਿਚ ਕਿੰਨਾ ਕੁ ਵਰਤ ਸਕਦੇ ਹਨ। ਇਸ ਪਾਲਸੀ ਨਾਲ ਸੰਬੰਧਿਤ ਨਿਯਮਾਂ ਬਾਰੇ ਆਪਣੇ ਬੱਚੇ ਦੇ ਟੀਚਰ ਨਾਲ ਗੱਲ ਕਰੋ।

VSB

“New Country; New School System”

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਨਵਾਂ ਦੇਸ਼;
# ਨਵਾਂ ਸਕੂਲ ਸਿਸਟਮ



## *ਬੀ ਸੀ ਦੇ ਸਕੂਲਾਂ ਬਾਰੇ ਜ਼ਿਆਦਾ ਸਿੱਖਣਾ*



## ਬੀ ਸੀ ਵਿਚ ਸਕੂਲ

16 ਸਾਲ ਦੀ ਉਮਰ ਤੱਕ ਸਕੂਲ ਜਾਣਾ ਲਾਜ਼ਮੀ ਹੈ ਅਤੇ ਵਿਦਿਆਰਥੀਆਂ ਤੋਂ ਸਕੂਲ ਅਤੇ ਕਲਾਸ ਵਿਚ ਸਮੇਂ ਸਿਰ ਪਹੁੰਚਣ ਦੀ ਉਮੀਦ ਰੱਖੀ ਜਾਂਦੀ ਹੈ।

ਹੋਮਵਰਕ (ਘਰ ਨੂੰ ਦਿੱਤਾ ਜਾਣ ਵਾਲਾ ਕੰਮ) ਸਕੂਲ ਦੀ ਜ਼ਿੰਦਗੀ ਦਾ ਹਿੱਸਾ ਹੈ ਅਤੇ ਵਿਦਿਆਰਥੀਆਂ ਤੋਂ ਟੀਚਰ ਵਲੋਂ ਦਿੱਤੇ ਕੰਮ ਨੂੰ ਮੁਕੰਮਲ ਕਰਨ ਦੀ ਉਮੀਦ ਰੱਖੀ ਜਾਂਦੀ ਹੈ। ਇਸ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਹੋਮਵਰਕ ਬਾਰੇ ਬਰੋਸ਼ਰ ਦੇਖੋ।

ਜਿਵੇਂ ਜਿਵੇਂ ਵਿਦਿਆਰਥੀਆਂ ਦੀ ਉਮਰ ਵਧਦੀ ਹੈ, ਉਨ੍ਹਾਂ ਤੋਂ ਆਪਣੀ ਪੜ੍ਹਾਈ ਪ੍ਰਤੀ ਜ਼ਿਆਦਾ ਤੋਂ ਜ਼ਿਆਦਾ ਜ਼ਿੰਮੇਵਾਰੀ ਚੁੱਕਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਵਿਚ ਪੜਚੋਲ ਕਰਨਾ ਅਤੇ ਪਾਠਕ੍ਰਮ ਨੂੰ ਪਹਿਲਾਂ ਤੋਂ ਪੜ੍ਹਨਾ ਸ਼ਾਮਲ ਹੈ।

***ਬੀ ਸੀ ਦੀਆਂ ਕਲਾਸਾਂ ਵਿਚ ਪੜ੍ਹਾਈ ਬਹੁਤ ਸਾਰੇ ਵੱਖੋ ਵੱਖਰੇ ਤਰੀਕਿਆਂ ਨਾਲ ਹੁੰਦੀ ਹੈ:***

- *ਗਰੁੱਪਾਂ ਵਿਚ ਅਤੇ ਆਪਣੇ ਆਪ ਕੰਮ ਕਰਨਾ;*
- *ਵਿਦਿਆਰਥੀ ਹੋਰ ਵਿਦਿਆਰਥੀਆਂ ਅਤੇ ਟੀਚਰਾਂ ਨਾਲ ਗੱਲਾਂ ਕਰਦੇ ਹਨ ਅਤੇ ਆਪਣੇ ਵਿਚਾਰ ਸਾਂਝੇ ਕਰਦੇ ਹਨ;*
- *ਡਰਾਮਾ ਅਤੇ ਕਲਾ;*
- *ਗੇਮਾਂ ਖੇਡਣਾ;*
- *ਗਾਉਣਾ ਅਤੇ ਸੰਗੀਤ;*
- *ਜਾਣਕਾਰੀ ਇਕੱਠੀ ਕਰਨਾ, ਨਿੱਜੀ ਰੂਪ ਵਿਚ ਜਾਂ ਗਰੁੱਪ ਵਿਚ।*

ਘੋਟਾ ਲਾਉਣਾ ਸਿੱਖਣ ਦਾ ਸਿਰਫ ਇਕ ਤਰੀਕਾ ਹੈ।

ਬੀ ਸੀ ਵਿਚ, ਟੀਚਰ ਆਜ਼ਾਦ ਸੋਚ ਵਾਲੇ ਵਿਦਿਆਰਥੀਆਂ ਨੂੰ ਕਾਫੀ ਮਹੱਤਵ ਦਿੰਦੇ ਹਨ।

ਫੀਲਡ ਸਟੱਡੀਜ਼ ਅਤੇ ਸਕੂਲ ਤੋਂ ਬਾਹਰ ਸਿੱਖਣ ਦੇ ਹੋਰ ਅਨੁਭਵ ਪੜ੍ਹਾਈ ਦਾ ਇਕ ਮਹੱਤਵਪੂਰਨ ਹਿੱਸਾ ਹਨ।

ਨਿੱਜੀ ਵਿਉਂਤਬੰਦੀ (ਪਲੈਨਿੰਗ) ਅਤੇ ਪਰਿਵਾਰਕ ਜ਼ਿੰਦਗੀ ਦੀ ਸਿਖਿਆ ਪਾਠਕ੍ਰਮ ਦੇ ਜ਼ਰੂਰੀ ਹਿੱਸੇ ਹਨ।

ਸਰੀਰਕ ਸਿਖਿਆ ਮੁੰਡਿਆਂ ਅਤੇ ਕੁੜੀਆਂ ਦੋਨਾਂ ਲਈ ਪਾਠਕ੍ਰਮ ਦਾ ਹਿੱਸਾ ਹਨ। ਬਹੁਤ ਸਾਰੇ ਸਕੂਲਾਂ ਵਿਚ, ਮੁੰਡੇ ਅਤੇ ਕੁੜੀਆਂ ਸਰੀਰਕ ਸਿਖਿਆ (ਪੀ ਈ) ਦੀਆਂ ਇੱਕੋ ਕਲਾਸਾਂ ਵਿਚ ਹੁੰਦੇ ਹਨ।

ਵਿਦਿਆ ਮਹਿਕਮਾ ਸਾਰੇ ਵਿਦਿਆਰਥੀਆਂ ਲਈ ਸਿਹਤਮੰਦ ਖਾਣੇ ਅਤੇ ਰੋਜ਼ਾਨਾ ਸਰੀਰਕ ਕਸਰਤ ਦੀ ਸਿਫਾਰਸ਼ ਕਰਦਾ ਹੈ।

ਅੰਗਰੇਜ਼ੀ ਬੋਲਣ ਵਾਲੇ ਹੋਰ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦੇ ਮੌਕੇ (ਜਿਵੇਂ ਸੰਗੀਤ-ਮੰਡਲੀ, ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਸਰਗਰਮੀਆਂ) ਜ਼ਬਾਨ ਸਿੱਖਣ ਅਤੇ ਬੋਲਣ `ਤੇ ਵਧੀਆ ਅਸਰ ਪਾਉਂਦੇ ਹਨ।

ਟੀਚਰਾਂ ਅਤੇ ਵਿਦਿਆਰਥੀਆਂ ਵਿਚਕਾਰ ਸਬੰਧ ਦੋਸਤਾਨਾ ਹੋ ਸਕਦੇ ਹਨ। ਕੁਝ ਟੀਚਰ ਇਹ ਤਰਜੀਹ ਦਿੰਦੇ ਹਨ ਕਿ ਵਿਦਿਆਰਥੀ ਉਨ੍ਹਾਂ ਨੂੰ ਉਨ੍ਹਾਂ ਦੇ ਪਹਿਲੇ ਨਾਂਵਾਂ ਨਾਲ ਬੁਲਾਉਣ।